**ਲੀਗਲ ਟੈਂਡਰ ਕਰੰਸੀ ਦੀ ਥਾਂ ਵਰਕ ਕਰੰਸੀ ਹੋਣੀ ਚਾਹੀਦੀ ਹੈ**

ਕਰੰਸੀ ਕਾਹਦੇ ਲਈ ਹੁੰਦੀ ਹੈ ? ਲੀਗਲ ਟੈਂਡਰ ਕਰੰਸੀ, ਧਨ ਦੇ ਕੁਝ ਵਿਅਕਤੀਆਂ ਦੇ ਹੱਥਾਂ ਵਿੱਚ ਇਕੱਤਰ ਹੋਣ, ਕਿਰਤੀਆਂ ਦੀ ਲੁੱਟਖਸੁੱਟ ਅਤੇ ਲੋਕਾਂ ਦੀ ਬਹੁ ਗਿਣਤੀ ਵਿੱਚ ਗ਼ਰੀਬੀ ਦੇ ਵਾਧੇ ਦਾ ਇਕ ਸਾਧਨ ਹੈ। ਕਰੰਸੀ ਤਾਂ ਬਸ ਇਕ ਝੂਠਾ ਕੋਰਾ ਬਿਲ (ਨੋਟ) ਹੈ, ਜਿਸਦੀ ਮਿਆਦ ਖ਼ਤਮ ਹੋਣ ਦੀ ਕੋਈ ਤਾਰੀਖ਼ ਨਹੀਂ ਹੈ। ਇਸਦਾ ਕੋਈ ਹਕੀਕੀ ਮੁੱਲ ਨਹੀਂ। ਇਹ ਸਿਰਫ਼ ਇਸ ਲਈ ਚਲਦੀ ਹੈ ਕਿ ਇਹ ਕਾਨੂੰਨ ਵਲੋਂ ਠੋਸੀ ਗਈ ਹੈ ਅਤੇ ਇਸ ਨੂੰ ਅਦਾਇਗੀ ਦੇ ਵਸੀਲੇ ਵਜੋਂ ਸਵੀਕਾਰ ਕੀਤਾ ਜਾਂਦਾ ਹੈ। ਜੇਕਰ ਇਸਦਾ ਕੋਈ ਮੁੱਲ ਹੁੰਦਾ, ਤਾਂ ਇਸ ਨੂੰ ਕਿਸੇ ਲੀਗਲ ਟੈਂਡਰ ਦੀ ਲੋੜ ਨਾ ਹੁੰਦੀ। ਲੀਗਲ ਟੈਂਡਰ ਕਰੰਸੀ ਦਾ ਤਿੰਨ ਫ਼ੀ ਸਦੀ ਤੋਂ ਘੱਟ ਹਿੱਸਾ ਵਪਾਰਕ ਆਦਾਨ ਪ੍ਰਦਾਨ ਲਈ ਵਰਤਿਆ ਜਾਂਦਾ ਹੈ ਅਤੇ ਬਾਕੀ ਦੀ ਸਾਰੀ ਕਰੰਸੀ ਮਾਲੀ ਕਾਰਜਾਂ ਦੇ ਲੇਖੇ ਲਗ ਜਾਂਦੀ ਹੈ।

ਡਾਲਰ, ਯੂਰੋ, ਪੌਂਡ, ਯੈੱਨ ਅਤੇ ਸੈਂਟਰਲ ਬੈਂਕਾਂ ਵਲੋਂ ਜਾਰੀ ਕੀਤੀਆਂ ਜਾਂਦੀਆਂ ਸਾਰੀਆਂ ਹੋਰ ਕਰੰਸੀਆਂ ਦਾ ਇਕੋ ਇਕ ਮੰਤਵ ਸਟੇਟਾਂ ਨੂੰ ਕਰਜ਼ਦਾਰ ਬਣਾਉਣਾ ਅਤੇ ਇਕ ਛੋਟੇ ਜਹੇ ਸ੍ਰੇਸ਼ਟ ਵਰਗ ਨੂੰ ਫ਼ਾਇਦਾ ਪਹੁੰਚਾਉਣਾ ਹੈ, ਜੋ ਬੈਂਕਾਂ ਨੂੰ ਆਰਥਿਕਤਾ, ਵਿੱਤ, ਸਭਿਆਚਾਰ, ਸਾਇੰਸ ਅਤੇ ਸੂਚਨਾ ’ਤੇ ਕੰਟਰੋਲ ਕਰਨ ਲਈ ਵਰਤਦਾ ਹੈ। ਇਸ ਤਰੀਕੇ ਨਾਲ ਕੁਝ ਗਿਣਤੀ ਦੇ ਸੰਗਠਤ ਲੋਕ ਸਾਰੀ ਦੁਨੀਆ ’ਤੇ ਹਕੂਮਤ ਚਲਾਉਂਦੇ ਹਨ, ਜੰਗਾਂ ਕਰਵਾਉਂਦੇ ਹਨ, ਸਾਧਨਾਂ ਦੀ ਚੋਰੀ ਕਰਦੇ ਹਨ ਅਤੇ ਸਮੁੱਚੀ ਮਨੁਖ ਜਾਤੀ ਦੇ ਵਿਕਾਸ ਨੂੰ ਪ੍ਰਭਾਵਤ ਕਰਦੇ ਹਨ। ਇਹ ਸ੍ਰੇਸ਼ਟ ਵਰਗ ਹੀ ਸਾਰੀਆਂ ਕੌਮੀ ਸਰਕਾਰਾਂ ਅਤੇ ਉਨ੍ਹਾਂ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ, ਦੇਸ਼ਾਂ ਦੀਆਂ ਅਫ਼ਸਰਸ਼ਾਹੀਆਂ ਅਤੇ ਬਹੁਰਾਸ਼ਟਰੀ ਅਦਾਰਿਆਂ ਲਈ ਜ਼ਿਮੇਵਾਰ ਹਨ।

ਇਸ ਸੱਥਿਤੀ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ ? ਪਹਿਲਾਂ ਪਹਿਲ ਕਰੰਸੀ ਚੀਜ਼ਾਂ ਦੀ ਨੁਮਾਇੰਦਗੀ ਕਰਨ ਲਈ ਸ਼ੁਰੂ ਕੀਤੀ ਗਈ ਸੀ। ਹੁਣ ਲੀਗਲ ਟੈਂਡਰ ਕਰੰਸੀ ਸਿਰਫ਼ ਚੀਜ਼ਾਂ ਤਿਆਰ ਕਰਨ ਲਈ ਲੋੜੀਂਦੀ ਮਿਹਨਤ ਦੀ ਨੁਮਾਇੰਦਗੀ ਕਰਦੀ ਹੈ ਅਤੇ ਇਨ੍ਹਾਂ ਚੀਜ਼ਾਂ ਦੀ ਕੀਮਤ ਇਸ ਕਰੰਸੀ ਰਾਹੀਂ ਚੁਕਾਈ ਜਾਂਦੀ ਹੈ। ਇਸ ਤੋਂ ਵਧ ਇਸਦਾ ਹੋਰ ਕੋਈ ਫ਼ਾਇਦਾ ਨਹੀਂ। ਇਸਨੂੰ ਅਦਾਇਗੀ ਦੇ ਇਕ ਸਾਧਨ ਵਜੋਂ ਕੇਵਲ ਅਗਿਆਨਤਾ ਕਾਰਨ ਸਵੀਕਾਰ ਕੀਤਾ ਜਾਂਦਾ ਹੈ। ਇਹ ਇਕ ਵੱਡੀ ਘਪਲੇਬਾਜ਼ੀ ਹੈ ਜੋ ਸਿਰਫ਼ ਇਸ ਕਰਕੇ ਹੁੰਦੀ ਹੈ, ਕਿ ਲੀਗਲ ਟੈਂਡਰ ਕਰੰਸੀ ਨੂੰ ਸਵੀਕਾਰ ਕਰਨ ਵਾਲੇ ਇਹ ਨਹੀਂ ਜਾਣਦੇ ਕਿ ਇਸਦਾ ਕੋਈ ਮੁੱਲ ਨਹੀਂ। ਇਸ ਨੂੰ ਜਾਰੀ ਕਰਨ ਵਾਲਿਆਂ ਤੋਂ ਲੈ ਕੇ ਇਸ ਨੂੰ ਕੰਟਰੋਲ ਕਰਨ ਵਾਲਿਆਂ ਤਕ ਨੂੰ ਇਸਦਾ ਪਤਾ ਹਨੀਂ। ਧਨ ਦੀ ਨਵੇਂ ਸਿਰਿਉਂ ਵੰਡ ਕਰਨ, ਮਿਹਨਤ ਦਾ ਸਹੀ ਮੁੱਲ ਪਾਉਣ ਅਤੇ ਗ਼ਰੀਬੀ ਨੂੰ ਖ਼ਤਮ ਕਰਨ ਦਾ ਇਕੋ ਇਕ ਤਰੀਕਾ ਇਹ ਹੈ ਕਿ ਇਕ ਅਜਿਹੀ ਕਰੰਸੀ ਅਪਣਾਈ ਜਾਵੇ, ਜਿਸਦਾ ਹਕੀਕੀ ਤੌਰ ’ਤੇ ਮੁੱਲ ਹੋਵੇ, ਜੋ ਮਿਹਨਤ ਦੀ ਨੁਮਾਇੰਦਗੀ ਕਰੇ ਅਤੇ ਮਿਹਨਤਕਸ਼ਾਂ ਦੀ ਤਰਫ਼ੋਂ ਜਾਰੀ ਕੀਤੀ ਜਾਵੇ। ਇਸ ਮਨੋਰਥ ਲਈ ਧਾਨਾ (Dhana) (www.dhana.org) ਜਾਰੀ ਕੀਤਾ ਗਿਆ ਹੈ।
ਵਰਕ ਕਰੰਸੀ ਦਾ ਕਿਵੇਂ ਪਸਾਰ ਕੀਤਾ ਜਾਵੇ ? ਧਾਨਾ (Dhana) ਦੇ ਪਸਾਰ ਦਾ ਇਕੋ ਇੱਕ ਪ੍ਰਭਾਵਕ ਤਰੀਕਾ ਇਹ ਹੈ ਕਿ ਕਿਰਤੀ, ਵਰਕ ਕਰੰਸੀ ਦੇ ਰੂਪ ਵਿੱਚ ਅਦਾਇਗੀ ਕੀਤੇ ਜਾਣ ਦੀ ਮੰਗ ਕਰਨ। ਇਸ ਤਰ੍ਹਾਂ ਉਦਯੋਗਾਂ ਨੂੰ ਉਜਰਤਾਂ ਅਤੇ ਤਨਖ਼ਾਹਵਾਂ ਦੇਣ ਲਈ ਮਜਬੂਰ ਹੋ ਕੇ ਇਹ ਕਰੰਸੀ ਲੈਣੀ ਪਵੇਗੀ। ਪਰ ਕਿਉਂਕਿ ਹਰ ਇਕ ਵਿਅਕਤੀ ਨੂੰ ਸਿਰਫ਼ ਧਾਨਾ (100 Dhana ਹਰ ਇਕ ਲਈ) ਦਿਤਾ ਜਾ ਸਕਦਾ ਹੈ, ਉਦਯੋਗਾਂ ਨੂੰ ਆਪਣਾ ਮਾਲ ਅਤੇ ਸੇਵਾਵਾਂ ਦੀ ਕੀਮਤ ਧਾਨਾ ਦੀ ਸ਼ਕਲ ਵਿੱਚ ਲੈਣੀ ਪਵੇਗੀ, ਤਾਂ ਜੇ ਉਹ ਕਿਰਤੀਆਂ ਨੂੰ ਅਦਾਇਗੀਆਂ ਕਰਨ ਲਈ ਕਾਫ਼ੀ ਮਾਤਰਾ ਵਿੱਚ ਧਾਨਾ ਪ੍ਰਾਪਤ ਕਰ ਸਕਣ। ਬੜੀ ਸਿੱਧੀ ਜਹੀ ਗੱਲ ਹੈ। ਜੋ ਆਸਾਨੀ ਨਾਲ ਸਮਝੀ ਜਾ ਸਕਦੀ ਹੈ। ਅਤੇ ਕੀਤੀ ਜਾ ਸਕਦੀ ਹੈ!

ਧਾਨਾ ਨੂੰ ਜਾਰੀ ਕਰਨ ਵਾਲੀ ਸੰਸਥਾ ਧੁਰਾ (Dhura) (www.dhura.org) ਹੈ, ਜੋ ਰਿਪਬਲਿਕ ਆਫ਼ ਅਰਥ (Republic of the Earth) ਉਪਗ੍ਰਹਿ ਦੇ ਵਸਨੀਕਾਂ ਦੁਆਰਾ ਸਿੱਧੇ ਤੌਰ ’ਤੇ ਚੁਣੀ ਗਈ ਵਿਸ਼ਵ ਸਰਕਾਰ (www.asmad.org) ਵਲੋਂ ਸਥਾਪਤ ਕੀਤੀ ਗਈ ਹੈ। ਹਰ ਧਾਨਾ ਦੀ ਗਰੰਟੀਸ਼ੁਦਾ ਹਕੀਕੀ ਕੀਮਤ ਇਕ ਗ੍ਰਾਮ ਪਲੈਟੀਨਮ ਦੇ ਬਰਾਬਰ ਹੈ। ਧਾਨਾ, ਸਥੂਲ, ਇਲੈਕਟ੍ਰਾਨਿਕ ਅਤੇ ਟੈਲੀਮੈਟਿਕ ਕਰੰਸੀ ਦੀ ਸ਼ਕਲ ਵਿੱਚ ਜਾਰੀ ਕੀਤਾ ਜਾਂਦਾ ਹੈ। ਧਾਨਾ ਦੇ ਇਕ ਹਜ਼ਾਰ Kana-Dhana ਹਨ, ਅਤੇ ਧਾਨਾ 1, 5, 10, 50, 100 ਦਾ ਹੋ ਸਕਦਾ ਹੈ, ਅਤੇ Kana-Dhana 1, 5, 10, 25, 50, 100, 250 ਦੇ ਹੋ ਸਕਦੇ ਹਨ। ਗ੍ਰਹਿ ਦੇ ਘੱਟੋ ਘੱਟ 16 ਸਾਲ ਦੀ ਉਮਰ ਦੇ ਹਰ ਵਸਨੀਕ ਲਈ 100 ਧਾਨਾ ਨਿਰਧਾਰਤ ਕੀਤਾ ਜਾਂਦਾ ਹੈ, ਜੋ ਕਰੰਸੀ ਦੇ ਜਾਰੀ ਕੀਤੇ ਜਾਣ ਦੀ ਲਾਗਤ ਦੀ ਮੁੜ ਅਦਾਇਗੀ ਬਦਲੇ ਹੋਵੇਗਾ। ਇਹ ਹਰ ਦੇਸ਼ ਲਈ ਉਸ ਦੇ ਪ੍ਰਤੀ ਜੀਅ ਔਸਤ ਉਤਪਾਦ ਦੇ ਬਰਾਬਰ ਹੋਵੇਗਾ, ਜਾਂ 100 ਘੰਟੇ ਕੰਮ ਕਰਨ ਦੀ ਪ੍ਰਤਿਬਧੱਤਾ ਲਈ ਹੋਵੇਗਾ (ਇੱਕ ਘੰਟੇ ਲਈ ਇੱਕ ਧਾਨਾ)। ਇਹ ਕੰਮ, ਸੌਂਪੇ ਜਾਣ ਦੀ ਤਾਰੀਖ਼ ਤੋਂ ਪੰਜ ਸਾਲਾਂ ਦੇ ਅੰਦਰ ਇਕ ਜਾਂ ਵਧ ਸਮਿਆਂ ’ਤੇ ਕਰਨਾ ਹੋਵੇਗਾ।

ਕੁਲ 500 ਬਿਲੀਅਨ ਧਾਨਾ (ਘੱਟੋ ਘੱਟ 16 ਸਾਲ ਦੀ ਉਮਰ ਦੇ ਹਰ 5 ਬਿਲੀਅਨ ਲੋਕਾਂ ਲਈ 100) ਤੋਂ ਵਧ ਜਾਰੀ ਨਹੀਂ ਕੀਤੇ ਜਾਣਗੇ। ਹੋਰ 25 ਬਿਲੀਅਨ ਧਾਨਾ (5 ਫ਼ੀਸਦੀ) ਨੋਰਲ ਮਾਨਵਵਾਦੀ ਕਾਰਜਾਂ ਲਈ ਹੋਣਗੇ। ਇਸ ਮਕਸਦ ਲਈ 1000 ਦੇ ਧਾਨਾ ਜਾਰੀ ਕੀਤੇ ਗਏ ਹਨ। ਜਾਰੀ ਕੀਤੇ ਜਾਣ ਵਾਲੇ ਧਾਨਾ ਦੀ ਨਿਸਚਤ ਸੀਮਾ ਹੋਣ ਕਰਕੇ, ਕਰੰਸੀ ਦੀ ਮੁੱਲ-ਘਟਾਈ ਨਹੀਂ ਹੋ ਸਕੇਗੀ। ਸਮੇਂ ਦੇ ਨਾਲ-ਨਾਲ ਇਸਦਾ ਨਵਾਂ ਮੁੱਲ ਪੈਂਦਾ ਰਹੇਗਾ, ਕਿਉਂਕਿ ਆਦਾਨ ਪ੍ਰਦਾਨ ਵਧਣ ਨਾਲ ਧਾਨਾ ਦੀ ਮੰਗ ਵਧੇਗੀ, ਪਰ ਇਸਦੀ ਜਾਰੀ ਕੀਤੀ ਜਾਣ ਵਾਲੀ ਮਾਤਰਾ ਨਹੀਂ ਵਧਾਈ ਜਾਵੇਗੀ, ਅਤੇ ਇਸਤਰ੍ਹਾਂ ਧਾਨਾ ਦਾ ਮੁੱਲ ਜ਼ਰੂਰ ਹੀ ਵਧੇਗਾ। ਨਾਲੇ ਇਹ ਗੱਲ ਆਸਾਨੀ ਨਾਲ ਸਮਝ ਵਿੱਚ ਆਉਣ ਵਾਲੀ ਹੈ।

ਧਾਨਾ, ਹੋਲੋਜ਼ ਗਲੋਬਲ ਸਿਸਟਮ (Holos Global System) (www.hgsp.org) ਦਾ ਇਕ ਉਦਮ ਹੈ। ਇਹ ਮਨੁੱਖ ਜਾਤੀ ਵਲੋਂ ਬਹੁਤ ਤੀਬਰਤਾ ਨਾਲ ਮਹਿਸੂਸ ਕੀਤੀਆਂ ਜਾਂਦੀਆਂ ਅਤੇ ਫ਼ੌਰੀ ਸਮੱਸਿਆਵਾਂ ਦੇ ਹਲ ਲਈ ਠੋਸ ਜਤਨਾਂ ਦੀ ਇਕ ਯੋਜਨਾ ਹੈ, ਤਾਂ ਜੋ ਇਸ ਕੰਮ ਵਿੱਚ ਕਿਤੇ ਬਹੁਤੀ ਦੇਰ ਨਾ ਹੋ ਜਾਵੇ।

100 ਧਾਨਾ ਪ੍ਰਾਪਤ ਕਰਨ ਲਈ www.dhana.org ’ਤੇ ਉਪਲਬਧ ਫ਼ਾਰਮ ਦੀ ਵਰਤੋਂ ਕਰੋ।